2nd Innings


Play on the Front Foot

ਗਠੀਏ ਦੇ ਨਾਲ ਤੁਹਾਡੇ ਜੀਵਨ ਦਾ ਸਫਰ...ਹੁਣ ਸੌਖਾ ਹੋ ਗਿਆ ਹੈ

# ਕੀ ਗ਼ੁਡੇ ਨੂੰ ਬਦਲਵਾਉਣ ਵਾਲਾ ਅੰਪਰੇਸ਼ਨ – ਤਣਾਅ ਦਾ ਇਕ ਕਾਰਣ ਹੈ?



Module 4, Part 2



ਮੈਂ ਗੋਡੇ ਦੇ ਦਰਦ ਕਾਰਣ, ਦਰਦ ਤੋ ਬਿਨਾਂ ਤੁਰਨ ਅਤੇ ਮੇਰੇ ਰੋਜ਼ਾਨਾ ਕੰਮ ਨੂੰ ਕਰਨ ਵਿੱਚ ਵੀ ਚੁਣੌਤੀ ਮਹਿਸੂਸ ਕਰਦਾ/ਕਰਦੀ ਹਾਂ। ਮੈਂ ਆਪਣੇ ਪਰਿਵਾਰ ਉੱਤੇ ਬਹੁਤ ਨਿਰਭਰ ਹੋ ਰਿਹਾ/ਰਹੀ ਹਾਂ ਅਤੇ ਇਸ ਨਾਲ ਮੈਨੂੰ ਬੇਅਰਾਮ ਮਹਿਸੂਸ ਹੁੰਦਾ ਹੈ।ਮੈਂ ਗਠੀਏ ਦੇ ਚੌਥੇ ਪੜਾਅ ਤੇ ਹਾਂ ਅਤੇ ਮੇਰੇ ਡਾਕਟਰ ਨੇ ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਦੀ ਸਲਾਹ ਦਿੱਤੀ ਹੈ.. ਪਰ ਔਪਰੇਸ਼ਨ ਦੇ ਸਿਰਫ਼ ਖਿਆਲ ਨੇ ਹੀ ਮੈਨੂੰ ਪੂਰੀ ਤਰ੍ਹਾਂ ਤਣਾਅ ਨਾਲ ਭਰ ਦਿੱਤਾ ਹੈ...?



ਔਪਰੇਸ਼ਨ ਦੇ ਖਿਆਲ ਤੇ ਹੀ ਘਬਰਾਹਟ, ਬੇਚੈਨੀ ਜਾਂ ਤਣਾਅ ਨਾਲ ਭਰਪੂਰ ਮਹਿਸੂਸ ਕਰਨਾ ਬਹੁਤ ਆਮ ਗੱਲ ਹੈ।ਪਰ, ਸਾਰੀ ਕਿਰਿਆ ਨੂੰ ਸਮਝਣਾ ਅਤੇ ਕਾਰਜਵਿਧੀ ਬਾਰੇ ਵੱਧ ਤੋਂ ਵੱਧ ਮੁਮਕਿਨ ਜਾਣਕਾਰੀ ਨੂੰ ਇਕੱਤਰ ਕਰਨਾ ਮਰੀਜ਼ ਨੂੰ ਬੇਚੈਨੀ ਨੂੰ ਘਟਾਉਣ ਅਤੇ ਨਿਯੰਤਰਣ ਵਿੱਚ ਰਹਿਣ ਦੀ ਭਾਵਨਾ ਨੂੰ ਵਧਾਉਣ ਵਿੱਚ ਵੱਡਾ ਯੋਗਦਾਨ ਦਏਗਾ।

# ਕੀ ਗੋਡੇ ਨੂੰ ਬਦਲਵਾਉਣ ਵਾਲਾ ਔਪਰੇਸ਼ਨ – ਤਣਾਅ ਦਾ ਇਕ ਕਾਰਣ ਹੈ?

## ਕੀ ਔਪਰੇਸ਼ਨ ਦੀ ਕੋਈ ਹੋਰ ਬਦਲ ਨਹੀਂ ਹਨ?

ਡਕਟਰ ਗੋਡੇ ਦੇ ਔਪਰੇਸ਼ਨ ਦੀ ਸਿਫਾਰਿਸ਼ ਸਿਰਫ਼ ਉਦੋਂ ਦਿੰਦੇ ਹਨ ਜਦੋਂ ਹੋਰ ਪ੍ਰਬੰਧਨ ਤਕਨੀਕਾਂ ਜਿਵੇਂ ਕਿ ਫਿਜ਼ੀਓਥੈਰਪੀ, ਕਸਰਤ, ਚਮੜੀ ਤੇ ਲਗਾਉਣ ਵਾਲੇ ਮੱਲ੍ਹਮ ਅਤੇ ਲੇਪ ਵਾਲੀਆਂ ਦਵਾਈਆਂ, ਮੂੰਹ ਰਾਹੀਂ ਲੈਣ ਵਾਲੀਆਂ ਦਵਾਈਆਂ, ਆਸਰਾ ਦੇਣ ਵਾਲੇ ਬ੍ਰੇਸਿਸ ਅਤੇ ਤੁਰਨ ਵਿੱਚ ਮਦਦ ਕਰਨ ਵਾਲੇ ਉਪਕਰਣ ਜਿਵੇਂ ਤੁਰਨ ਲਈ ਸੋਟੀ ਲੰਮੇ ਸਮੇਂ ਤੱਕ ਦਰਦ ਨੂੰ ਘਟਾਉਣ ਜਾਂ ਗੋਡੇ ਦੇ ਕੰਮਕਾਜ ਨੂੰ ਸੁਧਾਰਨ ਵਿੱਚ ਮਦਦ ਨਹੀਂ ਕਰਦੀਆਂ।

**ਜੇ ਦਰਦ ਔਪਰੇਸ਼ਨ-ਰਹਿਤ ਕਿਸੇ ਤਕਨੀਕਾਂ ਵੱਲ ਹੁੰਗਾਰਾ ਨਹੀਂ ਭਰਦੀ, ਔਪਰੇਸ਼ਨ ਸਿਰਫ਼ ਇਕ ਹੱਲ ਹੋ ਸਕਦਾ ਹੈ। ਔਪਰੇਸ਼ਨ ਦੀਆਂ ਕਈ ਚੋਣਾਂ ਉਪਲਬਧ ਹਨ, ਹੇਠ ਲਿਖੇ ਸਮੇਤ:**



1।**ਆਰਥ੍ਰੋਸਕੋਪਿਕ ਔਪਰੇਸ਼ਨ:** ਇਕ ਕੈਮਰੇ ਦੇ ਨਾਲ ਫਿੱਟ ਕੀਤੀ ਗਈ ਇਕ ਨਿੱਕੀ ਜਿਹੀ ਨਲੀ ਗੋਡੇ ਦੇ ਕੋਲ ਇਕ ਛੋਟੇ ਚੀਰੇ ਰਾਹੀਂ ਅੰਦਰ ਪਾਈ ਜਾਂਦੀ ਹੈ, ਜੋ ਸਰਜਨ ਨੂੰ ਗੋਡੇ ਦੇ ਅੰਦਰੋਂ ਦੀ ਤਸਵੀਰ ਖਿੱਚਣ ਦੇ ਯੋਗ ਬਣਾਉਂਦੀ ਹੈ। ਫੇਰ, ਸਰਜਨ ਖਰਾਬ ਕਾਰਟੀਲੇਜ (ਨਰਮ ਹੱਡੀ) ਨੂੰ ਕੱਢ ਸਕਦਾ ਹੈ ਅਤੇ ਹੱਡੀ ਦੇ ਖੁੱਲ੍ਹੇ ਟੋਟਿਆਂ (ਵੈਲੇਜ) ਨੂੰ ਬਾਹਰ ਕੱਢ ਸਕਦਾ ਹੈ ਜੋ ਦਰਦ ਪੈਦਾ ਕਰਦੇ ਹਨ। ਠੀਕ ਹੋਣ ਵਿੱਚ ਜਿਆਦਾਸਮਾ ਸਮਾਂ ਨਹੀਂ ਲੱਗਦਾ।ਪਰ, ਇਸ ਨਾਲ ਸਿਰਫ਼ ਥੋੜ੍ਹੀ ਦੇਰ ਲਈ ਅਰਾਮ ਮਿਲਦਾ ਹੈ ਅਤੇ ਇਹ ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਵਿੱਚ ਸਿਰਫ਼ ਦੇਰ ਪਾਉਣ ਦੀ ਮਦਦ ਕਰ ਸਕਦਾ ਹੈ।

2।**ਓਸਟੀਓਟੋਮੀ:** ਜਾਂ ਤਾਂ ਪੱਟ ਦੀ ਹੱਡੀ (ਫ਼ਿਮਰ) ਜਾਂ ਸ਼ਿਨ ਬੋਨ(ਤੀਬੀਆ) ਨੂੰ ਚੀਰਾ ਲਗਾਇਆ ਜਾਂਦਾ ਹੈ ਅਤੇ ਗੋਡੇ ਉੱਤੇ ਭਾਰ ਨੂੰ ਹੋਰ ਘਟਾਉਣ ਲਈ ਦੁਬਾਰਾ ਅਕਾਰ ਦਿੱਤਾ ਜਾਂਦਾ ਹੈ।


**ਹੋਰ ਚੋਣਾਂ ਨੂੰ ਅਜ਼ਮਾ ਲੈਣ ਤੋਂ ਬਾਅਦ, ਗੋਡੇ ਨੂੰ ਬਦਲਵਾਉਣ ਵਾਲਾ ਔਪਰੇਸ਼ਨ ਸਭ ਤੋਂ ਵਧੀਆ ਚੋਣ ਹੋ ਸਕਦਾ ਹੈ ਜੇ ਦਰਦ ਲਗਾਤਾਰ ਹੁੰਦੀ ਹੈ ਅਤੇ ਗਤੀਸ਼ੀਤਲਾ ਬਹੁਤ ਜ਼ਿਆਦਾ ਘੱਟ ਜਾਂਦੀ ਹੈ, ਜੋ ਜੀਵਨ ਦੀ ਗੁਣਵੱਤਾ ਤੇ ਅਸਰ ਪਾ ਰਹੀ ਹੈ....**



## ਮੈਨੂੰ ਅਜਿਹਾ ਵੱਡਾ ਔਪਰੇਸ਼ਨ ਕਿਉਂ ਕਰਾਉਣਾ ਚਾਹੀਦਾ ਹੈ? ਇਹ ਮੈਨੂੰ ਕਿਸ ਤਰੀਕੇ ਵਿੱਚ ਫਾਇਦਾ ਪਹੁੰਚਾਵੇਗਾ?

ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਨੂੰ ਕਰਾਉਣ ਦੇ ਕਈ ਗੁਣਾ ਫਾਇਦੇ ਹਨ, ਹੇਠ ਲਿਖੇ ਸਮੇਤ:

- ਦਰਦ ਤੋਂ ਛੁਟਕਾਰਾ
- ਵਧੀ ਗਤੀਸ਼ੀਲਤਾ
- ਬੇਹਤਰ ਮਾਨਸਿਕ ਤੰਦਰੁਸਤੀ
- ਬੇਹਤਰ ਜੀਵਨ ਗੁਣਵੱਤਾ
  - ਹਰ ਰੋਜ਼ ਦੇ ਕੰਮ ਜਿਵੇਂ ਕਿ ਇਕ ਕੁਰਸੀ ਤੋਂ ਉੱਠਣਾ, ਤੁਰਨਾ, ਪੌੜੀਆਂ ਨੂੰ ਚੜ੍ਹਨਾ ਅਤੇ ਗੱਡੀ ਚਲਾਉਣਾ ਹੋਰ ਸੌਖੇ ਹੋ ਸਕਦੇ ਹਨ
  - ਤੈਰਨ, ਸਾਈਕਲ ਚਲਾਉਣ ਅਤੇ ਗੋਲਫ ਖੇਡਣ ਜਿਹੀਆਂ ਕਸਰਤਾਂ ਹੋਰ ਸੌਖੀਆਂ ਹੋ ਸਕਦੀਆਂ ਹਨ



# ਕੀ ਗੋਡੇ ਨੂੰ ਬਦਲਵਾਉਣ ਵਾਲਾ ਔਪਰੇਸ਼ਨ – ਤਣਾਅ ਦਾ ਇਕ ਕਾਰਣ ਹੈ?

## ਸੰਭਾਵੀ ਤੌਰ ਤੇ ਕੀ ਹੋ ਸਕਦਾ ਹੈ ਜੇ ਮੈਂ ਗੋਡੇ ਨੂੰ ਬਦਲਵਾਉਣ ਵਾਲਾ ਔਪਰੇਸ਼ਨ ਨਹੀਂ ਕਰਾਉਂਦਾ/ਕਰਾਉਂਦੀ?

ਜੇ ਤੁਸੀ ਗੰਭੀਰ ਗਠੀਏ ਵਾਲੇ ਮਰੀਜ਼ ਹੋ ਅਤੇ ਤੁਹਾਨੂੰ ਆਪਣੇ ਜੀਵਨ ਦੀ ਗੁਣਵੱਤਾ ਦੁਬਾਰਾ ਪ੍ਰਾਪਤ ਕਰਨ ਲਈ ਸਭ ਤੋਂ ਵਧੀਆ ਬਦਲ ਵਜੋਂ ਗੋਡਾ ਬਦਲਵਾਉਣ ਵਾਲੇ ਔਪਰੇਸ਼ਨ ਦੀ ਸਲਾਹ ਦਿੱਤੀ ਗਈ ਹੈ ਤਾਂ ਔਪਰੇਸ਼ਨ ਨੂੰ ਟਾਲਣਾ ਕਰਨਾ ਇਕ ਚੰਗਾ ਵਿਚਾਰ ਨਹੀਂ ਹੈ।

ਕਾਰਜ ਦਾ ਨੁਕਸਾਨ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਦਾ ਭਾਵਨਾਤਮਕ ਤੰਦਰੁਸਤੀ ਉੱਤੇ ਗ਼ਲਤ ਪ੍ਰਭਾਵ ਪੈ ਸਕਦਾ ਹੈ।

ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਲਈ ਸਲਾਹ ਦਿੱਤੇ ਜਾਣ ਦੇ ਬਾਵਜੂਦ, ਬਹੁਤ ਸਾਰੇ ਮਰੀਜ਼ ਉਦੋਂ ਤੱਕ ਸਰਜਰੀ ਨੂੰ ਟਾਲਦੇ ਹਨ ਜਦੋਂ ਤੱਕ ਉਹਨਾਂ ਦੀ ਦਰਦ ਜਾਂ ਗਤੀਸ਼ੀਲਤਾ ਦੇ ਮੁੱਦੇ ਬਰਦਾਸ਼ਤ ਤੋਂ ਬਾਹਰ ਨਹੀਂ ਹੁੰਦੇ। ਹਾਲਾਂਕਿ, ਅਧਿਐਨਾਂ ਨੇ ਦਿਖਾਇਆ ਹੈ ਕਿ ਦਰਦ ਜਾਂ ਕਾਰਜਸ਼ੀਲਤਾ ਦੀ ਕਮੀ ਦੇ ਵਧਣ ਤੱਕ ਉਡੀਕ ਕਰਨ ਨਾਲ ਅਕਸਰ ਔਪਰੇਸ਼ਨ ਹੋਰ ਔਖਾ ਹੋ ਜਾਂਦਾ ਹੈ ਨਾਲ ਹੀ, ਚੰਗਾ ਕਾਰਜ ਦੁਬਾਰਾ ਪ੍ਰਾਪਤ ਕਰਨ ਦੇ ਮੌਕੇ ਘੱਟ ਸਕਦੇ ਹਨ।ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਨੂੰ ਟਾਲਣ ਦੇ ਉਲਟ ਨਤੀਜੇ ਨਿਕਲ ਸਕਦੇ ਹਨ, ਜਿਵੇਂ ਕਿ:

- ਕਰੂਪਤਾਵਾਂ ਦਾ ਵਿਕਸਿਤ ਹੋਣਾ
- ਮਾਂਸਪੇਸ਼ੀਆਂ ਅਤੇ ਯੋਜਕ ਤੰਤੂ ਆਪਣਾ ਕਾਰਜ ਗੁਆ ਸਕਦੇ ਹਨ ਅਤੇ ਕਮਜ਼ੋਰ ਬਣ ਸਕਦੇ ਹਨ
- ਪੁਰਾਣੀ ਦਰਦ ਹਰ ਰੋਜ਼ ਦੇ ਕੰਮਾਂ ਨੂੰ ਕਰਨ ਦੀ ਵੱਡੀ ਔਖਿਆਈ ਸਮੇਤ ਕਾਰਜ ਸਬੰਧੀ ਅਯੋਗਤਾ ਨੂੰ ਜਨਮ ਦੇ ਸਕਦੀ ਹੈ, ਜਿਵੇਂ ਕਿ ਤੁਰਨਾ, ਗੱਡੀ ਚਲਾਉਣਾ, ਨਹਾਉਣਾ, ਪੌੜੀਆਂ ਚੜ੍ਹਨਾ, ਇਕ ਕੁਰਸੀ ਤੋਂ ਉੱਠਣਾ
- ਖਰਾਬ ਗੋਡਿਆਂ ਨੂੰ ਲਗਾਤਾਰ ਵਰਤਣ ਨਾਲ ਹਾਲਤ ਹੋਰ ਵਿਗੜ ਸਕਦੀ ਹੈ, ਔਪਰੇਸ਼ਨ ਨੂੰ ਹੋਰ ਜਟਿਲ ਬਣਾ ਸਕਦਾ ਹੈ
  - ਲੰਮੀ ਕਾਰਜਵਿਧੀ ਦਾ ਮਤਲਬ ਹੈ ਕਿ ਸਧਾਰਨ ਬੇਹੋਸ਼ ਕਰਨ ਵਾਲੀ ਦਵਾਈ ਦੇ ਪ੍ਰਭਾਵ ਹੇਠਾਂ ਜ਼ਿਆਦਾ ਸਮਾਂ, ਜੋ ਔਪਰੇਸ਼ਨ ਦੌਰਾਨ ਖਤਰੇ ਨੂੰ ਹੋਰ ਵਧਾਉਂਦਾ ਹੈ।

**ਇਕ ਵਾਰ ਦਰਦ ਅਤੇ ਕਾਰਜ-ਸਬੰਧੀ ਅਯੋਗਤਾ ਬਚਾਉਕਾਰੀ ਇਲਾਜ ਵੱਲ ਹੁੰਗਾਰਾ ਨਾ ਭਰੇ ਤਾਂ ਔਪਰੇਸ਼ਨ ਨੂੰ ਟਾਲਣਾ ਸਮਝਦਾਰੀ ਹੈ। ਜਿੰਨੀ ਛੇਤੀ ਗੋਡਾ ਬਦਲਵਾਇਆ ਜਾਂਦਾ ਹੈ, ਉੰਨਾ ਹੀ ਬੇਹਤਰ ਹੁੰਦਾ ਹੈ!**

## ਮੇਰੀ ਉਮਰ ਪਹਿਲਾਂ ਹੀ 60 ਸਾਲ ਤੋਂ ਵੱਧ ਹੈ, ਕੀ ਮੈਂ ਅਜਿਹਾ ਔਪਰੇਸ਼ਨ ਕਰਾ ਸਕਦਾ/ਸਕਦੀ ਹਾਂ?

ਆਮ ਤੌਰ ਤੇ, ਕਿਸੇ ਵੀ ਉਮਰ ਦੇ ਬਜ਼ੁਰਗ ਗੋਡੇ ਨੂੰ ਬਦਲਵਾਉਣ ਵਾਲਾ ਔਪਰੇਸ਼ਨ ਕਰਾ ਸਕਦੇ ਹਨ। ਗੋਡੇ ਨੂੰ ਬਦਲਵਾਉਣ ਵਾਲੇ ਜ਼ਿਆਦਾਤਰ ਔਪਰੇਸ਼ਨ 60 ਤੋਂ 80 ਸਾਲ ਦੇ ਵਿਅਕਤੀਆਂ ਵਿੱਚ ਕੀਤੇ ਜਾਂਦੇ ਹਨ, ਬਸ਼ਰਤੇ ਉਹ ਵੱਡਾ ਔਪਰੇਸ਼ਨ ਕਰਾਉਣ ਲਈ ਅਤੇ ਮਗਰਲੀ ਵਿਸਤਰਤ ਬਹਾਲੀ ਲਈ ਬਥੇਰੇ ਸਿਹਤਮੰਦ ਹੋਣ। ਆਮ ਤੌਰ ਤੇ, ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਦੀ ਸਿਫਾਰਿਸ਼ ਬੁੱਢੇ ਵਿਅਕਤੀਆਂ ਲਈ ਕੀਤੀ ਜਾਂਦੀ ਹੈ ਕਿਉਂਕਿ ਨੌਜਵਾਨ ਸਰੀਰਕ ਤੌਰ ਤੇ ਜ਼ਿਆਦਾ ਕਿਰਿਆਸ਼ੀਲ ਹੁੰਦੇ ਹਨ ਅਤੇ ਬਦਲਵਾਏ ਗਏ ਜੋੜ ਨੂੰ ਜ਼ਿਆਦਾ ਜਲਦੀ ਘਿਸਾ ਸਕਦੇ ਹਨ।

## ਮੈਂ ਔਪਰੇਸ਼ਨ ਬਾਰੇ ਬਹੁਤ ਬੇਚੈਨ ਹਾਂ... ਕੀ ਹਸਪਤਾਲ ਵਿੱਚ ਬਹੁਤ ਜ਼ਿਆਦਾ ਦੇਰ ਤੱਕ ਰੁੱਕਣਾ ਪਏਗਾ?

ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਵਿੱਚ ਥੋੜ੍ਹੀ ਦੇਰ ਹਸਪਤਾਲ ਠਹਿਰਣਾ ਸ਼ਾਮਲ ਹੈ ਅਤੇ ਇਹ ਦਵਾਈ ਨਾਲ ਬੇਹੋਸ਼ ਕਰਨ ਦੀ ਸਧਾਰਨ ਕਿਰਿਆ ਹੇਠਾਂ ਕੀਤਾ ਜਾਂਦਾ ਹੈ ਕਾਰਜਵਿਧੀ ਨੂੰ ਕਰਨ ਵੇਲੇ ਗੋਡੇ ਨੂੰ ਮੋੜ ਕੇ ਰੱਖਿਆ ਜਾਂਦਾ ਹੈ, ਤਾਂ ਜੋ ਜੋੜ ਦੀ ਸਤਹ ਦੇ ਸਾਰੇ ਹਿੱਸੇ ਪੂਰੀ ਤਰ੍ਹਾਂ ਨਜ਼ਰ ਆਉਣ।6 ਤੋਂ 10 ਇੰਚ ਲੰਮਾ ਇਕ ਚੀਰਾ ਕੀਤਾ ਜਾਂਦਾ ਹੈ ਗੋਡੇ ਦੀ ਚਪਨੀ ਨੂੰ ਇਕ ਪਾਸੇ ਖਿਸਕਾਉਣ ਤੋਂ ਬਾਅਦ, ਸਰਜਨ ਹੱਡੀ ਅਤੇ ਕਾਰਟੀਲੇਜ (ਨਰਮ ਹੱਡੀ) ਨੂੰ ਚੀਰਾ ਲਗਾਏਗਾ ਅਤੇ ਖਰਾਬ ਹਿੱਸਿਆਂ ਨੂੰ ਹਟਾ ਦਏਗਾ। ਬਾਅਦ ਵਿੱਚ, ਨਕਲੀ ਜੋੜ ਦੇ ਹਿੱਸੇ ਸਟੀਕਤਾ ਨਾਲ ਟਿਕਾਏ ਜਾਂਦੇ ਹਨ ਅਤੇ ਜੋੜੇ ਜਾਂਦੇ ਹਨ।ਇਹ ਕਰ ਲੈਣ ਤੋਂ ਬਾਅਦ, ਫੇਰ ਸਰਜਨ ਗੋਡੇ ਨੂੰ ਬੰਦ ਕਰਨ ਤੋਂ ਪਹਿਲਾਂ ਕਾਰਜ ਦੀ ਜਾਂਚ ਕਰਨ ਲਈ ਗੋਡੇ ਨੂੰ ਮੋੜੇਗਾ ਅਤੇ ਘੁਮਾਏਗਾ ਅਤੇ ਸੰਤੁਲਣ ਬਣਾਏਗਾ। ਸਾਰੀ ਕਾਰਜਵਿਧੀ ਨੂੰ ਤੁਹਾਡੇ ਜੋੜ ਦੀ ਹਾਲਤ ਅਤੇ ਔਪਰੇਸ਼ਨ ਕਰ ਰਹੇ ਸਰਜਨ ਦੇ ਤਜਰਬੇ ਦੇ ਆਧਾਰ ਉੱਤੇ ਅੱਧੇ ਕੁ ਘੰਟੇ ਤੋਂ ਲੈ ਕੇ 2 ਘੰਟਿਆਂ ਦੇ ਵਿੱਚਕਾਰ ਦਾ ਸਮਾਂ ਲੱਗ ਸਕਦਾ ਹੈ।



## ਕਿਹੜੇ ਜੋਖਮ ਸ਼ਾਮਲ ਹਨ?

ਗੋਡਾ ਬਦਲਵਾਉਣ ਵਾਲਾ ਔਪਰੇਸ਼ਨ ਇਕ ਆਮ ਸਰਜੀਕਲ ਕਾਰਜਵਿਧੀ ਹੈ ਗੋਡੇ ਨੂੰ ਬਦਲਵਾਉਣ ਵਾਲਾ ਔਪਰੇਸ਼ਨ ਕਰਾ ਰਹੇ ਜਿਆਦਾਤਰ ਮਰੀਜ਼ ਕੋਈ ਜਟਿਲਤਾਵਾਂ ਮਹਿਸੂਸ ਨਹੀਂ ਕਰਦੇ। ਪਰ, ਜਿਵੇਂ ਹੋਰ ਕਾਰਜਵਿਧੀਆਂ ਦੇ ਨਾਲ ਹੁੰਦਾ ਹੈ, ਇਸ ਕਾਰਜਵਿਧੀ ਦੇ ਨਾਲ ਵੀ ਕੁਝ ਜੋਖਮ ਸ਼ਾਮਲ ਹਨ। ਜ਼ਿਆਦਾਤਰ ਜਟਿਲਤਾਵਾਂ ਮਾਮੂਲੀ ਹਨ ਅਤੇ ਇਹਨਾਂ ਦਾ ਸਫਲਤਾ ਨਾਲ ਇਲਾਜ ਕੀਤਾ ਜਾ ਸਕਦਾ ਹੈ ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਦੇ ਕੁਝ ਕੁ ਜੋਖਮ ਹੇਠ ਲਿਖੇ ਹਨ::

1। **ਗੋਡੇ ਦਾ ਅਕੜਾਅ:** ਕੁਝ ਮਰੀਜ਼ਾਂ ਵਿੱਚ ਲਗਾਤਾਰ ਜਾਂ ਵੱਧ ਰਿਹਾ ਅਕੜਾਅ ਦੇਖਿਆ ਜਾ ਸਕਦਾ ਹੈ, ਜੋ ਆਮ ਤੌਰ ਤੇ ਕਸਰਤ ਤੋਂ ਬਾਅਦ ਠੀਕ ਹੋ ਜਾਂਦਾ ਹੈ। ਠੀਕ ਹੋਣ ਦੇ ਪੜਾਅ ਵਿੱਚ ਦਰਦ ਕਾਰਣ ਫਿਜ਼ੀਓਥੈਰਪੀ ਨੂੰ ਰੋਕਣ ਕਰਕੇ ਅਕੜਾਅ ਪੈਦਾ ਹੋ ਜਾਂਦਾ ਹੈ। ਇਸ ਦਾ ਇਲਾਜ ਵਿਸਤਰਤ ਫਿਜ਼ੀਓਥੈਰਪੀ ਕਰਨ ਤੋਂ ਬਾਅਦ, ਉਸ ਥਾਂ ਤੇ ਦਵਾਈ ਨਾਲ ਬੇਹੋਸ਼ ਕਰਨ ਦੀ ਕਿਰਿਆ ਤਹਿਤ ਗੋਡੇ ਦਾ ਜੋੜ-ਤੋੜ ਕਰਕੇ ਕੀਤਾ ਜਾ ਸਕਦਾ ਹੈ।

2। **ਔਪਰੇਸ਼ਨ ਵਾਲੇ** ਜ਼ਖ਼ਮ ਦਾ ਸੰਕ੍ਰਮਣ: ਇਸ ਦਾ ਇਲਾਜ ਆਮ ਤੌਰ ਤੇ ਐਂਟੀਬਾਯੋਟਿਕ ਦਵਾਈਆਂ ਨਾਲ ਕੀਤਾ ਜਾਂਦਾ ਹੈ

3। ਡੂੰਘਾ ਸੰਕ੍ਰਮਣ ਗੋਡੇ ਦੇ ਬਦਲੇ ਗਏ ਜੋੜ ਵਿੱਚ: ਇਸ ਲਈ ਹੋਰ ਔਪਰੇਸ਼ਨ ਦੀ ਲੋੜ ਪੈ ਸਕਦੀ ਹੈ ਅਤੇ ਮੁਸ਼ਕਲ ਵੀ, ਨਕਲੀ ਜੋੜ ਨੂੰ ਬਦਲਵਾਉਣ ਦੀ ਲੋੜ ਪੈ ਸਕਦੀ ਹੈ

4। ਗੋਡੇ ਤੋਂ ਉਮੀਦ ਤੋਂ ਬਿਨਾਂ ਖੂਨ ਵੱਗਣਾ।

5। ਯੋਜਕ ਤੰਤੂ, ਔਪਰੇਸ਼ਨ ਵਾਲੀ ਥਾਂ ਦੀ ਨਸ ਜਾਂ ਧਮਣੀ ਦਾ ਅਣਜਾਣੇ ਵਿੱਚ ਨੁਕਸਾਨ

6। ਜੋੜ ਵਿੱਚ ਖੂਨ ਦੇ ਗਤਲੇ ਜਾਂ ਡੀਪ ਵੀਨ ਥ੍ਰੋਂਬੋਸਿਸ ਯ ਔਪਰੇਸ਼ਨ ਤੋਂ ਬਾਅਦ ਛੇਤੀ ਹੀ ਘਟੀ ਹਿਲਜੁੱਲ ਕਾਰਣ ਲੱਤਾਂ ਦੀਆਂ ਨਾੜੀਆਂ ਵਿੱਚ ਖੂਨ ਦੇ ਗਤਲੇ ਬਣ ਸਕਦੇ ਹਨ। ਇਹਨਾਂ ਨੂੰ ਮਦਦ ਲਈ ਖਾਸ ਤੌਰ ਤੇ ਤਿਆਰ ਕੀਤੀਆਂ ਜੁਰਾਬਾਂ ਵਰਤੋਂ ਜਦੋਂ ਮਰੀਜ਼ ਇਜਾਜ਼ਤ ਮਿਲਣ ਤੋਂ ਬਾਅਦ ਛੇਤੀ ਤੋਂ ਛੇਤੀ ਤੁਰਨਾ ਸ਼ੁਰੂ ਕਰਦਾ ਹੈ ਅਤੇ ਗਤਲੇ ਦੀ ਬਣਤਰ ਨੂੰ ਰੋਕਣ ਵਾਲੀਆਂ ਦਵਾਈਆਂ ਵਰਤ ਕੇ ਰੋਕਿਆ ਜਾ ਸਕਦਾ ਹੈ

7। ਹੱਡੀ ਦਾ ਟੁੱਟਣਾ ਔਪਰੇਸ਼ਨ ਤੋਂ ਤੁਰੰਤ ਬਾਅਦ ਜਾਂ ਇਸ ਦੇ ਦੌਰਾਨ ਗੋਡੇ ਦੇ ਜੋੜ ਦੇ ਆਲੇ-ਦੁਆਲੇ ਹੱਡੀ ਟੁੱਟ ਸਕਦੀ ਹੈ। ਇਸ ਦਾ ਇਲਾਜ ਟੁੱਟਣ ਦੀ ਕਿਸਮ ਅਤੇ ਦਾਇਰੇ ਉੱਤੇ ਨਿਰਭਰ ਕਰਦਾ ਹੈ।

8। **ਗੋਡੇ ਵਿੱਚ ਸੀਮਿਤ ਹਿੱਲਜੁਲ:** ਬਦਲੇ ਗਏ ਗੋਡੇ ਦੇ ਆਲੇ-ਦੁਆਲੇ ਹੱਡੀ ਜਾਂ ਨਿਸ਼ਾਨਦਾਰ ਟਿਸ਼ੂ ਦੀ ਬਣਤਰ ਹਿਲਜੁੱਲ ਨੂੰ ਰੋਕ ਸਕਦੀ ਹੈ। ਹਿਲਜੁੱਲ ਦੁਬਾਰਾ ਪ੍ਰਾਪਤ ਕਰਨ ਲਈ ਹੋਰ ਔਪਰੇਸ਼ਨ ਦੀ ਲੋੜ ਹੋ ਸਕਦੀ ਹੈ

9। **ਗੋਡੇ ਦੀ ਚਪਨੀ ਦੀ ਥਾਂ ਤੋਂ ਹਿੱਲਣਾ** :ਹੋਰ ਔਪਰੇਸ਼ਨ ਦੀ ਲੋੜ ਹੈ

10। **ਜ਼ਖ਼ਮ ਦੇ ਨਿਸ਼ਾਨ ਦੇ ਆਲੇ-ਦੁਆਲੇ ਸੁੰਨਤਾ:** ਇਹ ਆਮ ਤੌਰ ਤੇ ਸਮੇਂ ਦੇ ਨਾਲ ਠੀਕ ਹੋ ਜਾਂਦਾ ਹੈ

11। **ਐਲਰਜੀ** : ਹੱਡੀ ਦੇ ਸੀਮਿੰਟ ਵੱਲ ਸੰਵੇਦਨਸ਼ੀਲ (ਜੇ ਔਪਰੇਸ਼ਨ ਵਿੱਚ ਵਰਤਿਆ ਗਿਆ) ਮਰੀਜ਼

ਡਾਕਟਰ ਨੂੰ ਕਾਲ ਕਰੋ ਜੇ:

- ਸਰਜਰੀ ਤੋਂ ਬਾਅਦ ਪਹਿਲੇ ਕੁਝ ਹਫਤਿਆਂ ਵਿੱਚ ਵਿਕਸਿਤ ਹੋਈਆਂ ਗਰਮ, ਲਾਲ, ਸਖ਼ਤ ਜਾਂ ਦਰਦ ਵਾਲੀਆਂ ਥਾਂਵਾਂ; ਇਹ ਸਿਰਫ਼ ਖੂਨ ਦੇ ਗਤਲੇ ਦਾ ਨੀਲ ਜਾਂ ਇਸ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ
- ਛਾਤੀ ਦੀ ਦਰਦ ਜਾਂ ਸਾਹ ਦਾ ਟੁੱਟਣਾ: ਇਹ ਛਾਤੀ ਵਿੱਚ ਖੂਨ ਦੇ ਗਤਲੇ ਦੀ ਇਕ ਨਿਸ਼ਾਨੀ ਹੋ ਸਕਦੀ ਹੈ; ਭਾਵੇਂ ਇਹ ਬਹੁਤ ਦੁਰਲੱਭ ਹੈ ਇਸ ਲਈ ਤੁੰਰਤ ਚਿਕਿਤਸਾ ਧਿਆਨ ਦੀ ਲੋੜ ਪੈ ਸਕਦੀ ਹੈ
- ਦੇਰ ਤੋਂ ਲੰਮੀ ਮਿਆਦ ਤੋਂ ਬਾਅਦ ਜੋੜ ਦੀ ਅਸਥਿਰਤਾ ਤੇ ਧਿਆਨ ਦਿੱਤਾ ਜਾਂਦਾ ਹੈ। ਇਲਾਜ ਕਰ ਰਿਹਾ ਡਾਕਟਰ ਉਸ ਮੁਤਾਬਕ ਮੁਲਾਂਕਣ ਕਰੇਗਾ

## ਮੇਰੇ ਬਦਲੇ ਗਏ ਗੋਡੇ ਨੂੰ ਠੀਕ ਹੋਣ ਨੂੰ ਕਿੰਨੇ ਸਾਲ ਲੱਗ ਸਕਦੇ ਹਨ ?

ਤੁਹਾਡੇ ਕੁਦਰਤੀ ਗੋਡਿਆਂ ਦੇ ਸਮਾਨ, ਤੁਹਾਡੇ ਨਕਲੀ ਗੋਡੇ ਕਈ ਸਾਲਾਂ ਦੇ ਨਾਲ ਘਿਸ ਜਾਣਗੇ। ਹਾਲਾਂਕਿ, ਨਕਲੀ ਗੋਡੇ 80-90% ਮਰੀਜ਼ਾਂ ਵਿੱਚ 15-20 ਸਾਲ ਲਈ ਚੱਲ ਸਕਦੇ ਹਨ, ਜੇ ਇਹਨਾਂ ਉੱਤੇ ਵਾਧੂ ਖਿੱਚ ਨਹੀਂ ਪੈਂਦੀ ਹੈ।ਭਾਵੇਂ ਕਿ ਘਿਸ ਗਏ ਗੋਡੇ ਨੂੰ ਬਦਲ ਦੇਣ ਦੀ ਗਿਣਤੀ ਉੱਤੇ ਕੋਈ ਰੁਕਾਵਟ ਨਹੀਂ ਹੈ ਇਸ ਕਾਰਜਵਿਧੀ ਨੂੰ ਦੁਬਾਰਾ ਕਰਨਾ ਅਕਸਰ ਜ਼ਿਆਦਾ ਜਟਿਲ ਹੁੰਦਾ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਜ਼ਿਆਦਾ ਲੰਮਾ ਸਮਾਂ ਲੱਗ ਸਕਦਾ ਹੈ।ਸਮੇਂ ਦੇ ਨਾਲ ਸੋਧੇ ਗਏ ਔਪਰੇਸ਼ਨ ਰੁਟੀਨ ਅਤੇ ਸਫਲ ਹੋ ਸਕਦੇ ਹਨ। ਪਰ, ਜ਼ਿਆਦਾ ਜਟਿਲ ਅੰਸ਼ਾਂ ਦੀ ਲੋੜ ਹੋ ਸਕਦੀ ਹੈ ਜੇ ਸਮਾਨ ਗੋਡੇ ਵਿੱਚ ਦੂਜੀ ਜਾਂ ਤੀਜੀ ਵਾਰ ਬਦਲਿਆ ਜਾ ਰਿਹਾ ਹੈ। ਮਰੀਜ਼ਾਂ ਵਿੱਚ ਸੋਧੇ ਗਏ ਔਪਰੇਸ਼ਨ ਦੀਆਂ ਸੰਭਾਵਨਾਵਾਂ ਵੱਧ ਹੋ ਸਕਦੀਆਂ ਹਨ:

- ਅਧੂਰੇ ਗੋਡੇ ਨੂੰ ਬਦਲਵਾਉਣ ਦੇ ਨਾਲ
- ਛੋਟੀ ਉਮਰ ਵਿੱਚ ਗੋਡੇ ਨੂੰ ਬਦਲਵਾਉਣਾ
- ਜਿਹਨਾਂ ਦਾ ਭਾਰ ਵੱਧ ਹੈ ਮੋਟੇ ਹਨ
- ਸਖ਼ਤ ਸਰੀਰਕ ਕੰਮ ਕਰਦੇ ਹਨ ਜਾਂ ਜੋ ਆਪਣੇ ਜੋੜਾਂ ਅਤੇ ਇਮਪਲਾਂਟਾਂ ਉੱਤੇ ਜ਼ਿਆਦਾ ਖਿੱਚ ਪਾਉਂਦੇ ਹਨ


ਕੁੱਲ 90% ਮਰੀਜ਼ ਦਰਦ ਤੋਂ ਅਰਾਮ ਮਹਿਸੂਸ ਕਰਦੇ ਹਨ ਅਤੇ ਕੰਮ ਤੇ ਵਾਪਿਸ ਜਾਣ ਦੇ ਯੋਗ ਹੁੰਦੇ ਹਨ,ਅਹਿਮ ਤੌਰ ਤੇ ਜੀਵਨ ਦੀ ਗੁਣਵੱਤਾ ਨੂੰ ਸੁਧਾਰ ਕੇ!

- ਗੋਡੇ ਨੂੰ ਬਦਲਵਾਉਣ ਦਾ ਔਪਰੇਸ਼ਨ ਕਰਾ ਰਹੇ 5 ਵਿੱਚੋਂ ਲਗਭਗ 4 ਵਿਅਕਤੀ ਆਪਣੇ ਨਵੇਂ ਗੋਡਿਆਂ ਦੇ ਨਾਲ ਖੁਸ਼ ਹਨ
- ਅਧਿਐਨਾਂ ਨੇ ਦਿਖਾਇਆ ਹੈ ਕਿ ਗੋਡੇ ਦਾ ਔਪਰੇਸ਼ਨ ਕਰਾ ਰਹੇ 82× ਤੋਂ ਵੱਧ ਮਰੀਜ਼ ਨਤੀਜਿਆਂ ਦੇ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਹੁੰਦੇ ਹਨ

## ਕੀ ਗੋਡੇ ਦਾ ਔਪਰੇਸ਼ਨ ਇਕ ਖਰਚੀਲੀ ਕਾਰਜਵਿਧੀ ਹੈ?

ਕਿਸੇ ਹੋਰ ਕਾਰਜਵਿਧੀ ਦੇ ਵਾਂਗ, ਗੋਡੇ ਨੂੰ ਬਦਲਵਾਉਣਾ ਵੀ ਕਾਰਜਵਿਧੀ ਅਤੇ ਬਹਾਲੀ ਦੀ ਲਾਗਤ ਨੂੰ ਸ਼ਾਮਲ ਕਰਦਾ ਹੈ। ਔਪਰੇਸ਼ਨ ਦੇ ਨਤੀਜਿਆਂ ਦੇ ਨਾਲ ਤੁਲਨਾ ਕਰਕੇ, ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਇਹ ਖਰਚਾ ਉਪਯੁਕਤ ਲੱਗਦਾ ਹੈ! ਆਪਣੇ-ਆਪ ਜਾਂ ਆਪਣੇ ਪਿਆਰੇ ਰਿਸ਼ਤੇਦਾਰਾਂ ਨੂੰ ਹੋਰ ਹੋਜ਼ ਦੀ ਅਯੋਗ ਕਰ ਰਹੀ ਦਰਦ ਤੋਂ ਛੁਟਕਾਰਾ ਦਵਾਉਣਾ ਅਤੇ ਉਹਨਾਂ ਦੇ ਚਿਹਰੇ ਉੱਤੇ ਉਹੀ ਮੁਸਕਰਾਹਟ ਵਾਪਸ ਲਿਆਉਣਾ ਨਿਸ਼ਚਤ ਹੀ ਅਨਮੋਲ ਹੈ, ਕੀ ਨਹੀਂ ਹੈ?

ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਦੀ ਕੁੱਲ ਲਾਗਤ ਬਹੁਤ ਸਾਰੇ ਕਾਰਕਾਂ ਉੱਤੇ ਨਿਰਭਰ ਕਰਕੇ ਕਾਫ਼ੀ ਵੱਖ-ਵੱਖ ਹੁੰਦੀ ਹੈ, ਹੇਠ ਲਿਖੇ ਸਮੇਤ:



- ਹਸਪਤਾਲ ਵਿੱਚ ਰੁਕਣ ਦੀ ਮਿਆਦ:: ਕਾਰਜਵਿਧੀ ਦੀ ਕਿਸਮ ਉੱਤੇ ਨਿਰਭਰ ਕਰਕੇ ਵੱਖ-ਵੱਖ ਹੁੰਦੀ ਹੈ
    - ਪੂਰਾ ਬਦਲਵਾਉਣਾ, ਅੰਸ਼ਕ ਬਦਲਵਾਉਣਾ ਅਤੇ ਦੋਵੇਂ ਗੋਡਿਆਂ ਨੂੰ ਬਦਲਵਾਉਣਾ
- ਇਮਪਲਾਂਟ ਦੀ ਕਿਸਮ ਅਤੇ ਵਰਤਿਆ ਗਿਆ ਔਪਰੇਸ਼ਨ-ਸਬੰਧੀ ਸਾਧਨ: :
    - ਇਮਪਲਾਂਟ ਦੀ ਸਮੱਗਰੀ
    - ਵਰਤੇ ਗਏ ਅਨੁਕੂਲ ਸਾਜ਼-ਸਾਮਾਨ
    - ਵਿਸ਼ੇਸ਼ ਬਣਾਈ ਗਈ ਤਕਨੀਕ
- ਮਰੀਜ਼ ਦੀਆਂ ਪਹਿਲਾਂ ਤੋਂ ਮੌਜੂਦ ਕੋਈ ਹਾਲਤਾਂ ਜਿਹਨਾਂ ਲਈ ਸਰਜਰੀ ਦੇ ਦੌਰਾਨ ਕਿਸੇ ਖਾਸ ਸਾਵਧਾਨੀਆਂ ਜਾਂ ਵਾਧੂ ਦੇਖਭਾਲ ਦੀ ਲੋੜ ਹੋ ਸਕਦੀ ਹੈ
- ਹਸਪਤਾਲ ਵਿੱਚ ਰੁਕਣ ਦੇ ਦੌਰਾਨ ਉਮੀਦ ਨਾ ਕੀਤੀਆਂ ਜਟਿਲਤਾਵਾਂ ਦਾ ਪ੍ਰਬੰਧਨ
- ਵਿਸਤਰਤ ਬਹਾਲੀ ਪੜਾਅ ਦੇ ਦੌਰਾਨ ਸ਼ਾਮਲ ਲਾਗਤਾਂ

ਤੁਹਾਡਾ ਡਾਕਟਰ ਇਕ ਫੈਸਲਾ ਲੈਣ ਲਈ ਤੁਹਾਨੂੰ ਕਈ ਉਪਲਬਧ ਚੋਣਾਂ ਦੇਣ ਦੇ ਯੋਗ ਹੋਵੇਗਾ। ਪਰ, ਸ਼ਾਮਲ ਲਾਗਤਾਂ ਤੋਂ ਬੇਪਰਵਾਹ, ਗੋਡੇ ਨੂੰ ਬਦਲਵਾਉਣ ਵਾਲੇ ਔਪਰੇਸ਼ਨ ਕਰਾ ਰਹੇ ਅਤੇ ਬਹਾਲੀ ਵਾਲੇ ਮਰੀਜ਼ਾਂ ਲਈ ਸੁੱਚਾ ਫਾਇਦਾ ਹੁੰਦਾ ਹੈ, ਖਾਸ ਤੌਰ ਤੇ ਅਖੀਰਲੇ ਪੜਾਅ ਵਾਲੇ ਓਸਟੀਓਆਰਥਰਾਈਟਿਸ ਵਾਲੇ ਮਰੀਜ਼ਾਂ ਲਈ ਜੋ ਕਿਸੇ ਹੋਰ ਇਲਾਜ ਵੱਲ ਹੁੰਗਾਰਾ ਨਹੀਂ ਭਰਦੇ।

**ਗੋਡੇ ਨੂੰ ਬਦਲਵਾਉਣ ਵਾਲਾ ਔਪਰੇਸ਼ਨ ਗੋਡੇ ਦੇ ਅਖੀਰਲੇ ਪੜਾਅ ਵਿੱਚ ਓਸਟੀਓਆਰਥਰਾਈਟਿਸ ਵਾਲੇ ਮਰੀਜ਼ਾਂ ਲਈ ਇਕ ਮੁੱਲਵਾਨ ਅਤੇ ਸਸਤਾ ਇਲਾਜ ਹੈ**

# References

1. Knee replacement: risks. 2012. http://www.nhs.uk/Conditions/Knee-replacement/Pages/Risks.aspx. Accessed 27th March 2014.

2. Arthritis Research UK. What are the possible complications of a knee replacement? http://www.arthritisresearchuk.org/arthritis-information/surgery/knee-replacement/complications.aspx. Accessed 27th March 2014.

3. Weighing the pros and cons of knee replacement surgery. http://www.johnshopkinshealthalerts.com/reports/knee-replacement-surgery/weighing-pros-and-cons-knee-replacement-surgery_6083-1.html. Accessed 27th March 2014.

4. Knee replacement. http://www.bupa.co.uk/individuals/health-information/directory/k/knee-replacement. Accessed 27th March 2014.

5. Total Knee replacement Surgery. http://www.healthline.com/health/total-knee-replacement-surgery. Accessed 27th March 2014.

6. AAOS. Arthritis of the knee. http://orthoinfo.aaos.org/topic.cfm?topic=a00212. Accessed 27th March 2014.

7. Knee osteoarthritis: when to consider surgery. http://www.webmd.com/osteoarthritis/osteoarthritis-knee-replacement-surgery. Accessed 27th March 2014.

8. Knee replacement: What you can expect. http://www.mayoclinic.org/tests-procedures/knee-replacement/basics/what-you-can-expect/prc-20019202. Accessed 27th March 2014.

9. Knee replacement surgery. http://www.hopkinsmedicine.org/healthlibrary/test_procedures/orthopaedic/knee_replacement_surgery_procedure_92,P07673/. Accessed 27th March 2014.

10. Understanding knee replacement costs: what's on the bill? http://www.healthline.com/health/total-knee-replacement-surgery/understanding-costs. Accessed 27th March 2014.

11. Ruiz D Jr, Koenig L, Dall TM, et al. The direct and indirect costs to society of treatment for end-stage knee osteoarthritis. *J Bone Joint Surg Am*. 2013;95:1473-80.

ਨੋਟਸ

ਨੋਟਸ

2nd Innings
Play on the Front Foot